Ontario **MINISTRY OF EDUCATION**




**ontario.ca/abc123**

## 5.0 ਗਣਿਤ ਪ੍ਰਾਇਮਰੀ

ਸਿਰਲੇਖ : ਤੁਹਾਡੇ ਬੱਚੇ ਲਈ ਗਣਿਤ ਵਿਚ ਮਦਦਗਾਰ 10 ਗੁਰ

ਕਾਪੀ :

# ਕਿੰਡਰਗਾਰਟਨ ਗ੍ਰੇਡ 3 ਲਈ ਗੁਰ

1. **ਗਿਣਤੀ ਖੇਡ-ਤਮਾਸ਼ਾ ਅਤੇ ਮਨੋਰੰਜਕ ਹੋ ਸਕਦੀ ਹੈ।** ਗਿਣਤੀ ਗੀਤ ਗਾਉਣਾ ਜਿਵੇਂ ''ਵਨ, ਟੂ ਬਕਲ ਮਾਈ ਸ਼ੂ"। ਤੁਹਾਡਾ ਸਥਾਨਕ ਲਾਇਬ੍ਰੇਰੀਅਨ ਗਿਣਤੀ ਦਿਲਪਰਚਾਵੇ ਵਾਲੀਆਂ ਕਿਤਾਬਾਂ ਦੀ ਸਿਫਾਰਸ਼ ਕਰ ਸਕਦਾ ਹੈ। ਅੱਡੀ-ਟੱਪਾ ਖੇਡੋ — ਇਹ ਗਿਣਤੀ ਵਾਲੀ ਖੇਡ ਹੈ! ਅਜਿਹੀਆਂ ਬਹੁਤ ਸਾਰੀਆਂ ਖੇਡਾਂ ਹਨ, ਜਿਨ੍ਹਾਂ ਵਿਚ ਤੁਸੀਂ ਗਿਣਤੀ ਕਰਦੇ ਹੋ, ਜਿਵੇਂ *Snakes and Ladders*, ਡੋਮੀਨੋਸ, Crazy Eights ਅਤੇ *Candyland*®.
2. **ਕੰਪਿਊਟਰ + ਗਣਿਤ = ਦਿਲਪਰਚਾਵਾ।** ਗਣਿਤ ਲਈ ਬਹੁਤ ਚੰਗੀਆਂ ਕੰਪਿਊਟਰ ਖੇਡਾਂ ਮੌਜੂਦ ਹਨ - ਆਪਣੇ ਲਾਇਬ੍ਰੇਰੀਅਨ ਜਾਂ ਸਥਾਨਕ ਕੰਪਿਊਟਰ ਸਟੋਰ ਤੋਂ ਪਤਾ ਕਰੋ। ਇਹ ਯਕੀਨੀ ਬਣਾਓ ਕਿ ਉਹ ''ਮਾਤਾ-ਪਿਤਾ ਪ੍ਰਵਾਨਤ" ਹਨ। ਮਨੋਰੰਜਕ ਗਣਿਤ ਖੇਡਾਂ ਵਾਲੀਆਂ ਵੈੱਬਸਾਈਟਾਂ ਵੀ ਹਨ, ਜਿਵੇਂ ਕਿ TVOKids ਜਾਂ ਹੋਰ ਸਾਈਟਾਂ ਲਈ ਇੰਟਰਨੈੱਟ ਉੱਤੇ ਖੋਜ ਕਰੋ।
3. **ਸੌਖੀ ਸ਼ੁਰੂਆਤ ਕਰਕੇ ਅੱਗੇ ਵਧਣਾ!** ਜਦੋਂ ਉਹ 1s ਤਕ ਗਿਣਤੀ ਸਿੱਖ ਜਾਣ, ਵਿਚੋਂ-ਵਿਚੋਂ ਛੱਡ ਕੇ ਗਿਣਤੀ ਸ਼ੁਰੂ ਕਰਾਉ ਜਿਵੇਂ ਕਿ 2s ਅਤੇ 5s ਗਿਣਤੀ।
4. **ਘਰੇਲੂ ਚੀਜ਼ਾਂ ਨੂੰ ਗਿਣਤੀ ਅਭਿਆਸ ਲਈ ਵਰਤੋ।** ਜੋੜ ਅਤੇ ਘਟਾਓ ਦੇ ਅਭਿਆਸ ਘਰ ਵਿਚ ਮਿਲਣ ਵਾਲੀਆਂ ਵਸਤਾਂ ਨਾਲ ਕਰੋ ਜਿਵੇਂ ਚਮਚੇ ਜਾਂ ਬਰਤਨ ਅਤੇ ਕੜਾਹੀ। ਜਦੋਂ ਉਹ ਇਸ ਕੁਸ਼ਲਤਾ ਵਿਚ ਮਾਹਿਰ ਹੋ ਜਾਣ ਤਾਂ ਅਸਾਨ ਗੁਣਾ ਕਰਾਉ।
5. **ਆਪਣੇ ਬੱਚੇ ਦੀ ਜਿਗਿਆਸਾ ਜਗਾਉ।** ਇਕੱਠੇ ਅੰਕਾਂ ਦੀ ਭਾਲ ਵਿਚ ਜਾਓ ਅਤੇ ਅਜਿਹੇ ਸਥਾਨਾਂ ਨੂੰ ਖੋਜੋ ਜਿੱਥੇ ਅੰਕ ਵਰਤੇ ਜਾਂਦੇ ਹਨ ਜਿਵੇਂ ਦੀਵਾਰ-ਘੜੀ, ਟੈਲੀਵੀਜ਼ਨ, ਕੰਪਿਊਟਰ ਕੀ-ਬੋਰਡ, ਕੈਲੰਡਰ, ਟੈਲੀਫ਼ੋਨ ਅਤੇ ਲਾਇਸੰਸ ਪਲੇਟਾਂ।
6. **ਰੋਜ਼ਾਨਾ ਸਰਗਰਮੀਆਂ ਦੀ ਵਰਤੋਂ।** ਤੁਹਾਡੇ ਬੱਚੇ ਦੀ ਦੁਨੀਆਂ ਹਰ ਰੋਜ਼ ਦੀਆਂ ਗਣਿਤ ਦੀਆਂ ਸਮੱਸਿਆਵਾਂ ਨਾਲ ਭਰੀ ਹੋਈ ਹੈ ਜੋ ਹੱਲ ਕੀਤੀਆਂ ਜਾ ਸਕਦੀਆਂ ਹਨ। ਉਦਾਹਰਣ ਵਜੋਂ, ''ਸਾਡੇ ਪਰਿਵਾਰ ਵਿਚ ਚਾਰ ਜੀਅ ਹਨ ਅਤੇ ਸਾਨੂੰ ਹਰੇਕ ਨੂੰ ਰਾਤ ਦਾ ਖਾਣਾ ਖਾਣ ਲਈ ਚਾਕੂ ਅਤੇ ਕਾਂਟੇ ਦੀ ਲੋੜ ਹੈ। ਸਾਨੂੰ ਮੇਜ਼ ਲਾਉਣ ਲਈ ਕਿੰਨੇ ਚਾਕੂਆਂ ਅਤੇ ਕਾਂਟਿਆਂ ਦੀ ਲੋੜ ਹੈ?"
7. **ਰਸੋਈਆਂ ਗਣਿਤ ਖੇਤਰ ਹੋ ਸਕਦੀਆਂ ਹਨ।** ਕੁਝ ਮਫਿਨ ਜਾਂ ਬਿਸਕੁਟ ਬਣਾਓ ਅਤੇ ਆਪਣੇ ਬੱਚੇ ਨੂੰ ਵਰਤੀ ਜਾਣ ਵਾਲੀ ਸਮੱਗਰੀ ਮਿਣਨ ਵਿਚ ਸਹਾਇਤਾ ਕਰਨ ਲਈ ਕਹੋ। ਇਹ ਥੋੜ੍ਹਾ ਪਰੇਸ਼ਾਨੀ ਵਾਲਾ ਹੋ ਸਕਦਾ ਹੈ ਪਰ ਇਹ ਪਰਿਵਾਰ ਲਈ ਮਜ਼ੇਦਾਰ ਸਮਾਂ ਹੋਵੇਗਾ ਅਤੇ ਇਨਾਮ ਵਜੋਂ ਤਾਜ਼ਾ ਬਿਸਕੁਟ ਮਿਲਣ ਵਰਗੀ ਹੋਰ ਕੋਈ ਚੀਜ਼ ਨਹੀਂ ਹੋਵੇਗੀ। ਗਣਿਤ ਫਰਿਜ਼ ਚੁੰਬਕ ਉਪਲਬਧ ਹੋਣ ਤਾਂ ਬੱਚੇ ਅੰਕ ਦੇ ਨਮੂਨੇ ਬਣਾਉਣਾ ਅਤੇ ਸਾਧਾਰਨ ਗਣਿਤ ਸਵਾਲਾਂ ਨੂੰ ਹੱਲ ਕਰਨਾ ਸ਼ੁਰੂ ਕਰ ਸਕਦੇ ਹਨ।
8. **ਅਨੁਮਾਨ ਅਤੇ ਤੁਲਨਾ।** ਚੀਜ਼ਾਂ ਦੇ ਅਨੁਮਾਨ ਲਾਉਣਾ ਅਤੇ ਮਿਣਨਾ ਸ਼ੁਰੂ ਕਰੋ ਜਿਵੇਂ ਸੜਕ ਤੋਂ ਘਰ ਕਿੰਨੀ ਦੂਰ ਹੈ ਜਾਂ ਆਉਣ-ਜਾਣ ਉਤੇ ਕਿੰਨਾ ਸਮਾਂ ਲੱਗੇਗਾ ਅਤੇ ਫਿਰ ਇਸ ਨੂੰ ਮਾਪੋ ਅਤੇ ਅਸਲ ਵਿਚ ਜੋ ਸਮਾਂ ਲਗਦਾ ਹੈ ਉਸ ਨਾਲ ਤੁਲਨਾ ਕਰੋ।
9. **ਸਮੇਂ ਬਾਰੇ ਗੱਲਾਂ ਕਰੋ।** ਸਮੇਂ ਦਾ ਸੰਕਲਪ ਸਮਝਣ ਵਿਚ ਮੁਸ਼ਕਿਲ ਹੋ ਸਕਦੀ ਹੈ। ਆਪਣੇ ਬੱਚੇ ਨਾਲ ਮਿੰਟਾਂ ਅਤੇ ਘੰਟਿਆਂ ਬਾਰੇ ਗੱਲਾਂ ਕਰੋ। ਫਿਰ ਉਨ੍ਹਾਂ ਨੂੰ ਦਿਨ ਅਤੇ ਹਫ਼ਤੇ ਗਿਣਨ ਦੀ ਕੋਸ਼ਿਸ਼ ਕਰਾਓ - ਉਦਾਹਰਣ ਵਜੋਂ ਹਫ਼ਤੇ ਦੇ ਅੰਤ ਤਕ ਕਿੰਨੀ ਵਾਰ ''ਸੁੱਤੇ" ਜਾਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਕੋਲ ਕਿੰਨੀ ਵਾਰ ਗਏ।

10. **ਰੇਖਾਗਣਿਤ ਸ਼ਕਲਾਂ ਅਤੇ ਅਕਾਰਾਂ ਦੀ ਪਛਾਣ ਕਰਾਓ।** ‘‘ਲੁਕਣਮੀਟੀ’’ ਖੇਡੋ। ਕਿਸੇ ਅੱਖਰ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਨੂੰ ਲੱਭਣਾ, ਵੱਖ-ਵੱਖ ਰੰਗਾਂ ਅਤੇ ਅਕਾਰਾਂ ਨੂੰ ਕਮਰੇ ਵਿਚ ਲੱਭਣਾ ਅਤੇ ਉਨ੍ਹਾਂ ਦੀ ਗਿਣਤੀ ਕਰਨਾ।

ਤੁਹਾਡੇ ਬੱਚੇ ਨੂੰ ਗਣਿਤ ਕੁਸ਼ਲਤਾ ਵਿਚ ਮਦਦ ਕਰਨ ਵਾਲੇ ਹੋਰ ਗੁਰ, ਸੂਚਨਾ ਅਤੇ ਸਰਗਰਮੀਆਂ ਦੀ ਜਾਣਕਾਰੀ ਲਈ ਗਣਿਤ ਲਈ ਸਿੱਖਣ ਵਿਚ ਤੁਹਾਡੇ ਬੱਚੇ ਲਈ ਮੱਦਦਗਾਰ : ਮਾਪਿਆਂ ਦੀ ਗਾਈਡ (Helping Your Child Learn Math: A Parent’s Guide) ਡਾਊਨਲੋਡ ਕਰੋ।

© Queen's Printer for Ontario, 2007